Department of
**Education**

GOVERNMENT OF
WESTERN AUSTRALIA

# ਦਾਖ਼ਲੇ ਲਈ ਜਾਣਕਾਰੀ ਇਕੱਠੀ ਕਰਨ ਦਾ ਨੋਟਿਸ

## ਜਾਣਕਾਰੀ ਇਕੱਠੀ ਕਰਨ ਦਾ ਉਦੇਸ਼

ਅਸੀਂ, ਵੈਸਟਰਨ ਆਸਟ੍ਰੇਲੀਆ (WA) ਦਾ ਸਿੱਖਿਆ ਵਿਭਾਗ, ਜਨਤਕ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲਿਆਂ ਦਾ ਪ੍ਰਬੰਧ ਕਰਨ ਲਈ ਤੁਹਾਡੇ ਬੱਚੇ ਦੀ ਜਾਣਕਾਰੀ ਇਕੱਠੀ ਕਰਦੇ ਹਾਂ। ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਦਾ ਸਹਿਯੋਗ ਕਰਦੀ ਹੈ ਅਤੇ ਆਸਟ੍ਰੇਲੀਆ ਦੀ ਸਿੱਖਿਆ ਪ੍ਰਣਾਲੀ ਵਿੱਚ ਯੋਗਦਾਨ ਪਾਉਂਦੀ ਹੈ, ਜੋ ਸਾਰੇ ਵਿਦਿਆਰਥੀਆਂ ਵਾਸਤੇ ਇੱਕੋ ਜਿਹਾ ਹੈ। ਇਹ ਜਾਣਕਾਰੀ *ਸਕੂਲ ਸਿੱਖਿਆ ਕਾਨੂੰਨ 1999* ਅਤੇ ਸਕੂਲ ਸਿੱਖਿਆ ਨਿਯਮ 2000 ਦੇ ਅਧੀਨ ਇਕੱਠੀ ਕੀਤੀ ਜਾਂਦੀ ਹੈ।

ਨੋਟ: ਇਸ ਦਸਤਾਵੇਜ਼ ਵਿੱਚ, 'ਮਾਪੇ' ਅਤੇ 'ਤੁਸੀਂ' ਸ਼ਬਦਾਂ ਦੇ ਵਿੱਚ ਬੱਚੇ ਦੇ ਮਾਪੇ ਜਾਂ ਸੰਭਾਲ ਕਰਨ ਵਾਲੇ, ਬੱਚੇ ਦੀ ਦਿਨ-ਪ੍ਰਤੀ-ਦਿਨ ਦੀ ਸੰਭਾਲ ਲਈ ਜਿੰਮੇਵਾਰ ਬਾਲਗ਼ ਜਾਂ ਆਪਣੀ ਤਰਫ਼ੋਂ ਖੁਦ ਦਾਖ਼ਲਾ ਲੈਣ ਵਾਲਾ ਵਿਅਕਤੀ ਸ਼ਾਮਲ ਹੈ।

## ਦਾਖ਼ਲੇ ਲਈ ਇਕੱਠੀ ਕੀਤੀ ਗਈ ਜਾਣਕਾਰੀ

ਜਦ ਤੁਸੀਂ ਆਪਣੇ ਬੱਚੇ ਨੂੰ ਕਿਸੇ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਂਦੇ ਹੋ, ਤਾਂ ਤੁਹਾਨੂੰ ਹੇਠ ਲਿਖੇ ਨਿੱਜੀ ਵੇਰਵੇ ਅਤੇ ਦਸਤਾਵੇਜ਼ ਪ੍ਰਦਾਨ ਕਰਵਾਉਣ ਦੀ ਲੋੜ ਪਵੇਗੀ:

### ਬੱਚੇ ਦੀ ਜਾਣਕਾਰੀ

- ਪੂਰਾ ਨਾਮ, ਜਨਮ ਤਾਰੀਖ਼, ਅਤੇ ਲਿੰਗ
- ਰਿਹਾਇਸ਼ੀ ਪਤਾ ਅਤੇ ਪਰਿਵਾਰਕ ਰਹਿਣ ਦੇ ਇੰਤਜ਼ਾਮ
- ਕੀ ਬੱਚਾ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਵਜੋਂ ਪਛਾਣਿਆ ਜਾਂਦਾ ਹੈ
- ਭਾਸ਼ਾ ਦਾ ਪਿਛੋਕੜ ਅਤੇ ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ
- ਟੀਕਾਕਰਨ ਦੀ ਮੌਜੂਦਾ ਸਥਿਤੀ
- ਪਿਛਲੇ ਸਕੂਲ ਜਿੱਥੇ ਪੜ੍ਹਾਈ ਕੀਤੀ ਸੀ ਅਤੇ ਵਿਦਿਅਕ ਇਤਿਹਾਸ
- ਸਿੱਖਣ, ਵਿਵਹਾਰਕ ਜਾਂ ਹੋਰ ਨਿੱਜੀ ਲੋੜਾਂ
- ਸਿਹਤ ਅਤੇ ਡਾਕਟਰੀ ਸਮੱਸਿਆਵਾਂ (ਜਿਸ ਵਿੱਚ ਫਾਰਮ 1: ਵਿਦਿਆਰਥੀ ਸਿਹਤ ਸੰਭਾਲ ਦਾ ਸੰਖੇਪ ਵੀ ਸ਼ਾਮਲ ਹੈ)
- ਆਸਟ੍ਰੇਲੀਆ ਦੀ ਨਾਗਰਿਕਤਾ ਜਾਂ ਵੀਜ਼ੇ ਦੇ ਵੇਰਵੇ

D25/0947747
[ਪ੍ਰਕਾਸ਼ਿਤ ਕਰੋ d ਖਾਧਾ]

Exclusions may apply

### ਮਾਪਿਆਂ ਦੀ ਜਾਣਕਾਰੀ

- ਨਾਮ ਅਤੇ ਬੱਚੇ ਨਾਲ ਤੁਹਾਡਾ ਰਿਸ਼ਤਾ
- ਰਿਹਾਇਸ਼ੀ ਪਤਾ ਅਤੇ ਸੰਪਰਕ ਵੇਰਵੇ
- ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ
- ਸਿੱਖਿਆ ਦਾ ਪੱਧਰ, ਯੋਗਤਾਵਾਂ ਅਤੇ ਕਿੱਤਾ

### ਵਾਧੂ ਜਾਣਕਾਰੀ

- ਉਨ੍ਹਾਂ ਲੋਕਾਂ ਦਾ ਨਾਮ ਅਤੇ ਸੰਪਰਕ ਵੇਰਵੇ ਜਿੰਨ੍ਹਾਂ ਨਾਲ ਸਕੂਲ ਕਿਸੇ ਸੰਕਟ ਦੀ ਘੜੀ ਵਿੱਚ ਸੰਪਰਕ ਕਰ ਸਕਦਾ ਹੈ
- ਅਦਾਲਤ ਜਾਂ ਸੰਭਾਲ ਦੇ ਆਦੇਸ਼ ਜਾਂ ਪਾਲਣ-ਪੋਸ਼ਣ ਦੀਆਂ ਯੋਜਨਾਵਾਂ, ਜੇ ਲਾਗੂ ਹੁੰਦੀਆਂ ਹਨ

## ਇਹ ਜਾਣਕਾਰੀ ਦਾਖ਼ਲੇ ਵਾਸਤੇ ਕਿਉਂ ਇਕੱਠੀ ਕੀਤੀ ਜਾਂਦੀ ਹੈ

ਤੁਹਾਡੀ ਜਾਣਕਾਰੀ ਦੀ ਵਰਤੋਂ ਹੇਠ ਲਿਖੀਆਂ ਚੀਜ਼ਾਂ ਲਈ ਕੀਤੀ ਜਾਂਦੀ ਹੈ:

- ਦਾਖ਼ਲਾ ਅਰਜ਼ੀਆਂ ਦਾ ਮੁਲਾਂਕਣ ਅਤੇ ਪ੍ਰਬੰਧ ਕਰਨ ਲਈ
- ਵਿਦਿਆਰਥੀ ਦੀ ਪਛਾਣ ਦੀ ਪੁਸ਼ਟੀ ਕਰਨ ਲਈ
- ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਸੰਚਾਰ ਕਰਨ ਲਈ
- ਵਿਦਿਆਰਥੀ ਦੇ ਸਿੱਖਣ, ਸਿਹਤ ਅਤੇ ਭਲਾਈ, ਵਿਵਹਾਰ ਅਤੇ ਸੁਰੱਖਿਆ ਵਿੱਚ ਸਹਾਇਤਾ ਕਰਨ ਲਈ
- ਵਿਦਿਆਰਥੀਆਂ ਨੂੰ ਰਾਜ, ਕੌਮੀ ਅਤੇ ਅੰਤਰ-ਰਾਸ਼ਟਰੀ ਮੁਲਾਂਕਣਾਂ ਅਤੇ ਰਿਪੋਰਟ ਕਰਨ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਣ ਲਈ, ਜਿਸ ਵਿੱਚ ਇਹ ਵੀ ਸ਼ਾਮਲ ਹਨ
  - 3, 5, 7 ਅਤੇ 9ਵੀਂ ਜਮਾਤ ਵਿੱਚ NAPLAN
  - ਆਸਟ੍ਰੇਲੀਆ ਦੀ ਪ੍ਰੀ-ਪ੍ਰਾਇਮਰੀ ਅਰਲੀ ਡਿਵੈਲਪਮੈਂਟ ਜਨਗਣਨਾ (AEDC)
  - ਸੈਕੰਡਰੀ ਔਨਲਾਈਨ ਸਾਖ਼ਰਤਾ ਅਤੇ ਸੰਖਿਆਤਮਕ ਹੁਨਰਾਂ ਦਾ ਮੁਲਾਂਕਣ (OLNA)
  - ਅਪੰਗਤਾ ਵਾਲੇ ਸਕੂਲੀ ਵਿਦਿਆਰਥੀਆਂ ਬਾਰੇ ਕੌਮੀ ਪੱਧਰ 'ਤੇ ਇਕਸਾਰ ਅੰਕੜਿਆਂ ਦਾ ਸੰਗ੍ਰਹਿ (NCCD)
  - ਕੋਈ ਹੋਰ ਲਾਜ਼ਮੀ ਮੁਲਾਂਕਣ ਅਤੇ ਰਿਪੋਰਟ ਕਰਨ ਲਈ
- ਵਿਦਿਆਰਥੀ ਦੀ ਪਛਾਣ ਕਰਨ ਵਾਲੀਆਂ ਚੀਜ਼ਾਂ ਜਿਵੇਂ ਕਿ WA ਵਿਦਿਆਰਥੀ ਨੰਬਰ (WAS) ਅਤੇ ਸਮਾਰਟ-ਰਾਈਡਰ (SmartRider) ਕਾਰਡਾਂ ਦਾ ਪ੍ਰਬੰਧ ਕਰਨ ਲਈ
- ਵਿਦਿਅਕ ਨੀਤੀ, ਯੋਜਨਾਬੰਦੀ, ਰਣਨੀਤੀ ਅਤੇ ਖੋਜ ਨੂੰ ਸੂਚਿਤ ਕਰਨ ਲਈ
- ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਸਹਾਇਤਾ, ਸੇਵਾਵਾਂ, ਪ੍ਰੋਗਰਾਮ ਅਤੇ ਮਾਲੀ ਸਹਾਇਤਾ ਪ੍ਰਦਾਨ ਕਰਨ ਲਈ।

ਜੇ ਅਸੀਂ ਇਸ ਨਿੱਜੀ ਜਾਣਕਾਰੀ ਨੂੰ ਇਕੱਠਾ ਨਹੀਂ ਕਰਦੇ, ਤਾਂ ਇਹ ਵਿਦਿਆਰਥੀ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ, ਅਤੇ ਸਹੀ ਸਿੱਖਿਆ ਯੋਜਨਾਵਾਂ ਅਤੇ ਸਹਾਇਤਾ ਪ੍ਰਦਾਨ ਕਰਵਾਉਣਾ ਵਧੇਰੇ ਮੁਸ਼ਕਿਲ ਬਣਾ ਸਕਦਾ ਹੈ। ਇਸ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਅਸੀਂ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਨਹੀਂ ਕਰ ਸਕਦੇ।


CC BY Exclusions may apply

## ਅਸੀਂ ਦਾਖ਼ਲੇ ਦੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ ਅਤੇ ਇਸ ਨੂੰ ਕਿਵੇਂ ਸਾਂਝੀ ਕਰਦੇ ਹਾਂ

ਅਸੀਂ ਤੁਹਾਡੇ ਬੱਚੇ ਦੀ ਦਾਖ਼ਲੇ ਦੀ ਜਾਣਕਾਰੀ ਨੂੰ ਕੇਵਲ ਉਸ ਉਦੇਸ਼ ਲਈ ਵਰਤਦੇ ਹਾਂ, ਅਤੇ ਸਾਂਝਾ ਕਰਦੇ ਹਾਂ, ਜਿਸ ਉਦੇਸ਼ ਨੂੰ ਇਸ ਨੂੰ ਇਕੱਠਾ ਕੀਤਾ ਜਾਂਦਾ ਹੈ, ਅਤੇ ਜਦੋਂ ਕਾਨੂੰਨ ਇਸ ਦੀ ਆਗਿਆ ਦਿੰਦਾ ਹੈ ਜਾਂ ਇਸ ਨੂੰ ਮੰਗਦਾ ਹੈ।

ਅਸੀਂ ਤੁਹਾਡੇ ਬੱਚੇ ਦੀ ਦਾਖ਼ਲੇ ਬਾਰੇ ਜਾਣਕਾਰੀ ਨੂੰ ਹੇਠ ਲਿਖਿਆਂ ਨਾਲ ਸਾਂਝਾ ਕਰ ਸਕਦੇ ਹਾਂ:

- WA ਦੇ ਇਕ ਹੋਰ ਸਰਕਾਰੀ ਸਕੂਲ ਨਾਲ, ਜਦੋਂ ਤੁਹਾਡਾ ਬੱਚਾ ਸਕੂਲ ਬਦਲਦਾ ਹੈ, ਜਿਵੇਂ ਕਿ:
    - ਤੁਹਾਡਾ ਬੱਚਾ 6ਵੀਂ ਜਮਾਤ ਤੋਂ 7ਵੀਂ ਜਮਾਤ ਵਿੱਚ ਜਾਂਦਾ ਹੈ
    - ਉਹ ਸਕੂਲ ਦੁਆਰਾ ਪ੍ਰਬੰਧ ਕੀਤੇ ਸਿੱਖਿਆ ਦੇ ਕਿਸੇ ਹੋਰ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ
- ਉਨ੍ਹਾਂ ਦੇ ਨਵਾਂ ਗ਼ੈਰ-ਸਰਕਾਰੀ ਸਕੂਲ ਜਾਂ ਅੰਤਰ-ਰਾਜੀ ਸਕੂਲ ਨਾਲ, ਜੇ ਤੁਸੀਂ ਆਗਿਆ ਦਿੰਦੇ ਹੋ
- ਸਿਹਤ, ਭਲਾਈ ਅਤੇ/ਜਾਂ ਕਾਨੂੰਨ ਦੀ ਪਾਲਣਾ ਕਰਨ, ਅਤੇ ਬਾਲ ਸੁਰੱਖਿਆ ਕਾਨੂੰਨਾਂ ਵਾਸਤੇ ਸਰਕਾਰੀ ਅਦਾਰਿਆਂ ਨਾਲ।

ਸਾਡੇ ਵੱਲੋਂ ਇਕੱਠੀ ਕੀਤੀ ਨਿੱਜੀ ਜਾਣਕਾਰੀ ਨੂੰ ਸਥਾਨਕ ਤੌਰ 'ਤੇ, ਆਸਟ੍ਰੇਲੀਆ ਦੇ ਅੰਦਰ, ਸਾਡੀ ਵਿਦਿਆਰਥੀ ਸੂਚਨਾ ਪ੍ਰਣਾਲੀ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ, ਅਤੇ ਸਾਡੀਆਂ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਨੀਤੀਆਂ ਦੀ ਪਾਲਣਾ ਕਰਦੀ ਹੈ।

ਨਿੱਜੀ ਜਾਣਕਾਰੀ ਨੂੰ ਸਾਡੀ ਰਿਕਾਰਡ ਪ੍ਰਬੰਧਨ ਨੀਤੀ ਅਤੇ *ਰਾਜ ਰਿਕਾਰਡ ਐਕਟ 2000* ਦੀ ਪਾਲਣਾ ਕਰਦਿਆਂ ਇਕੱਠਾ ਕੀਤਾ ਜਾਂਦਾ ਹੈ, ਸੰਭਾਲਿਆ ਜਾਂਦਾ ਹੈ ਅਤੇ ਨਿਪਟਾਰਾ ਕੀਤਾ ਜਾਂਦਾ ਹੈ।

## ਤੁਹਾਡੇ ਅਧਿਕਾਰ - ਦਾਖ਼ਲੇ ਦੀ ਜਾਣਕਾਰੀ ਤੱਕ ਪਹੁੰਚ ਕਰਨਾ ਅਤੇ ਇਨ੍ਹਾਂ ਨੂੰ ਠੀਕ ਕਰਨਾ

ਤੁਸੀਂ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰ ਸਕਦੇ ਹੋ ਜੇ ਤੁਸੀਂ:

- ਤੁਹਾਡੇ ਵੱਲੋਂ ਪ੍ਰਦਾਨ ਕੀਤੀ ਦਾਖ਼ਲਾ ਜਾਣਕਾਰੀ ਨੂੰ ਵੇਖਣਾ ਜਾਂ ਨਵਿਆਉਣਾ ਚਾਹੁੰਦੇ ਹੋ
- ਤੁਹਾਡੇ ਬੱਚੇ ਦੀ ਦਾਖ਼ਲੇ ਬਾਰੇ ਜਾਣਕਾਰੀ ਦੀ ਵਰਤੋਂ ਜਾਂ ਸੰਭਾਲ ਕਿਵੇਂ ਕੀਤੀ ਜਾ ਰਹੀ ਹੈ, ਇਸ ਬਾਰੇ ਸ਼ੰਕੇ ਹਨ।

ਕਿਸੇ ਵਿਦਿਆਰਥੀ ਦੀ ਸਕੂਲੀ ਸਿੱਖਿਆ ਦੌਰਾਨ ਪ੍ਰਦਾਨ ਕੀਤੀ ਜਾਂਦੀ ਨਿੱਜੀ ਜਾਣਕਾਰੀ ਵਾਸਤੇ ਅੱਪਡੇਟਾਂ ਨੂੰ ਵਿਦਿਆਰਥੀ ਦੇ ਦਾਖ਼ਲੇ ਦੇ ਰਿਕਾਰਡ ਦਾ ਹਿੱਸਾ ਮੰਨਿਆ ਜਾਂਦਾ ਹੈ।

## ਹੋਰ ਜਾਣਕਾਰੀ

ਅਸੀਂ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਕਿਵੇਂ ਕਰਦੇ ਹਾਂ, ਇਸ ਬਾਰੇ ਹੋਰ ਜਾਣਨ ਲਈ, ਪਰਦੇਦਾਰੀ ਬਾਰੇ ਸਾਡੀ ਵੈੱਬਸਾਈਟ ਦੇ ਸਫ਼ੇ 'ਤੇ ਜਾਓ।


CC BY
Exclusions may apply